# ਕੋਵਿਡ-19 ਅਤੇ ਯਾਤਰਾ

ਗੈਰ-ਜ਼ਰੂਰੀ ਉਦੇਸ਼ਾਂ ਲਈ ਯਾਤਰਾ ਬਾਰੇ ਨਵੀਨਤਮ ਸਿਫ਼ਾਰਸ਼ਾਂ ਲਈ, ਵੇਖੋ:

- ਬ੍ਰਿਟਿਸ਼ ਕੋਲੰਬੀਆ ਸਰਕਾਰ: ਯਾਤਰਾ ਅਤੇ ਕੋਵਿਡ-19
- ਕੈਨੇਡਾ ਸਰਕਾਰ: ਕੋਵਿਡ-19: ਯਾਤਰਾ, ਕੁਆਰੰਟੀਨ ਅਤੇ ਬਾਰਡਰ

## ਬੀਸੀ ਵਿੱਚ ਯਾਤਰਾ ਕਰਨਾ

ਯਾਤਰਾ ਕਰਦੇ ਸਮੇਂ, ਉਹੀ ਸਾਵਧਾਨੀਆਂ ਵਰਤੋ ਜੋ ਤੁਸੀਂ ਕੋਵਿਡ-19 ਨੂੰ ਰੋਕਣ ਲਈ ਘਰ ਵਿੱਚ ਵਰਤਦੇ ਹੋ। ਇਹ ਜਾਂਚ ਕੇ ਅੱਗੇ ਦੀ ਯੋਜਨਾ ਬਣਾਓ ਕਿ ਕੀ ਕਸਬੇ, ਭਾਈਚਾਰੇ ਅਤੇ ਖੇਤਰ ਤੁਹਾਡੇ ਆਉਣ ਲਈ ਤਿਆਰ ਹਨ। ਵਧੇਰੇ ਜਾਣਕਾਰੀ ਲਈ ਵੇਖੋ,ਬ੍ਰਿਟਿਸ਼ ਕੋਲੰਬੀਆ ਸਰਕਾਰ: ਯਾਤਰਾ ਅਤੇ ਕੋਵਿਡ-19।

## ਸੂਬਿਆਂ ਵਿਚਕਾਰ ਯਾਤਰਾ ਕਰਨਾ

ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਦੂਜੇ ਪ੍ਰਾਂਤਾਂ ਜਾਂ ਪ੍ਰਦੇਸ਼ਾਂ ਦੀ ਯਾਤਰਾ ਕਰਨ ਲਈ ਕਿਸੇ ਵੀ ਯਾਤਰਾ ਪਾਬੰਦੀਆਂ ਲਈ ਉਹਨਾਂ ਦੀ ਮੰਜ਼ਿਲ ਦੀ ਜਨਤਕ ਸਿਹਤ ਜਾਣਕਾਰੀ ਦੀ ਜਾਂਚ ਕਰਨੀ ਚਾਹੀਦੀ ਹੈ। ਸਥਾਨਕ, ਸੂਬਾਈ ਜਾਂ ਖੇਤਰੀ ਮਾਰਗਦਰਸ਼ਨ ਦੀ ਪਾਲਣਾ ਕਰੋ।

ਹੋਰ ਸੂਬਾਈ ਅਤੇ ਪ੍ਰਦੇਸ਼ੀ ਸਰਕਾਰਾਂ ਤੋਂ ਜਾਣਕਾਰੀ ਲਈ, ਵੇਖੋ:

- ਅਲਬਰਟਾ: ਕੋਵਿਡ-19 ਯਾਤਰਾ ਸੰਬੰਧੀ ਲੋੜਾਂ
- ਮੈਨੀਟੋਬਾ: ਮਹਾਂਮਾਰੀ ਪ੍ਰਤੀਕਿਰਿਆ ਪ੍ਰਣਾਲੀ
- ਨਿਊ ਬਰੰਜ਼ਵਿਕ: ਯਾਤਰਾ ਜਾਣਕਾਰੀ
- ਨਿਊਫਾਊਂਡਲੈਂਡ ਐਂਡ ਲੈਬ੍ਰਾਡੋਰ: ਯਾਤਰਾ ਪਾਬੰਦੀਆਂ
- ਨੌਰਥਵੈਸਟ ਟੇਰੇਟਰੀਜ਼: ਯਾਤਰਾ + ਅਲਗਾਵ
- ਨੋਵਾ ਸਕੋਸ਼ੀਆ: ਕੋਰੋਨਾਵਾਇਰਸ (ਕੋਵਿਡ-19): ਅੰਤਰਰਾਸ਼ਟਰੀ ਯਾਤਰਾ
- ਨੂਨਾਵਟ: ਯਾਤਰਾ ਚੈੱਕਲਿਸਟ
- ਓਨਟੈਰਿਓ: ਕੋਵਿਡ-19 ਦੌਰਾਨ ਯਾਤਰਾ ਕਰਨਾ
- ਪ੍ਰਿੰਸ ਐਡਵਰਡ ਆਈਲੈਂਡ: ਯਾਤਰਾ
- ਕੁਬੈਕ: ਕੈਨੇਡਾ ਦੇ ਅੰਦਰ ਜਾਂ ਅੰਤਰਰਾਸ਼ਟਰੀ ਤੌਰ 'ਤੇ ਯਾਤਰਾ ਲਈ ਨਿਰਦੇਸ਼ (ਕੋਵਿਡ-19)
- ਸਸਕੈਚਵਾਨ: ਯਾਤਰਾ ਜਾਣਕਾਰੀ
- ਯੁਕੌਨ: ਬਾਰਡਰ ਅਤੇ ਯਾਤਰਾ: ਕੋਵਿਡ-19

## ਅੰਤਰਰਾਸ਼ਟਰੀ ਯਾਤਰਾ

ਅੰਤਰਰਾਸ਼ਟਰੀ ਯਾਤਰਾ ਮਸ਼ਵਰੇ ਅਤੇ ਸਲਾਹ ਲਈ, ਕੈਨੇਡਾ ਸਰਕਾਰ: ਕੈਨੇਡਾ ਤੋਂ ਬਾਹਰ ਦੀ ਯਾਤਰਾ ਦੇਖੋ।

### ਅੰਤਰਰਾਸ਼ਟਰੀ ਯਾਤਰਾ ਤੋਂ ਪਹਿਲਾਂ ਟੈਸਟਿੰਗ

ਜਿਸ ਦੇਸ਼ ਦੀ ਤੁਸੀਂ ਯਾਤਰਾ ਕਰ ਰਹੇ ਹੋ, ਉਸ ਦੇਸ਼ ਦੀਆਂ ਪ੍ਰਵੇਸ਼ ਲੋੜਾਂ ਦੀ ਪਾਲਣਾ ਕਰੋ। ਇਹ ਪਤਾ ਲਗਾਉਣ ਲਈ ਜਾਂਚ ਕਰੋ ਕਿ ਕੀ ਤੁਸੀਂ ਦੇਸ਼ ਵਿੱਚ ਦਾਖਲ ਹੋ ਸਕਦੇ ਹੋ ਅਤੇ ਕੀ ਕੋਈ ਟੀਕਾਕਰਨ, ਟੈਸਟਿੰਗ, ਕੁਆਰੰਟੀਨ, ਜਾਂ ਹੋਰ ਲੋੜਾਂ ਹਨ। ਬੀ.ਸੀ. ਵਿੱਚ ਬਿਨਾਂ ਲੱਛਣਾਂ ਵਾਲੇ ਲੋਕਾਂ ਦੀ ਰੁਟੀਨ ਜਾਂਚ ਨਹੀਂ ਕੀਤੀ ਜਾਂਦੀ, ਜਿਸ ਵਿੱਚ ਯਾਤਰਾ ਦੇ ਉਦੇਸ਼ ਸ਼ਾਮਲ ਹਨ। ਯਾਤਰਾ ਲਈ ਟੈਸਟਿੰਗ ਬਾਰੇ ਜਾਣਕਾਰੀ ਲਈ, ਬੀ.ਸੀ. ਸੈਂਟਰ ਫਾਰ ਡਿਜ਼ੀਜ਼ ਕੰਟਰੋਲ: ਬੀ.ਸੀ. ਵਿੱਚ ਕੋਵਿਡ-19 ਟੈਸਟ ਕਿੱਥੇ ਕਰਵਾਉਣਾ ਹੈ ਦੇਖੋ

### ਕੈਨੇਡਾ ਵਿੱਚ ਦਾਖਲ ਹੋਣਾ

1 ਅਕਤੂਬਰ, 2022 ਤੋਂ, ਜ਼ਮੀਨ, ਹਵਾਈ ਜਾਂ ਸਮੁੰਦਰ ਰਾਹੀਂ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਯਾਤਰੀਆਂ ਲਈ ਸਾਰੀਆਂ ਕੋਵਿਡ-19 ਸਰਹੱਦੀ ਲੋੜਾਂ ਖਤਮ ਹੋ ਜਾਣਗੀਆਂ। ਖਤਮ ਹੋ ਰਹੀਆਂ ਲੋੜਾਂ ਵਿੱਚ ਸ਼ਾਮਲ ਹਨ:

- ArriveCAN ਦੀ ਲਾਜ਼ਮੀ ਵਰਤੋਂ
- ਟੈਸਟਿੰਗ ਸੰਬੰਧੀ ਲੋੜਾਂ
- ਕੁਆਰੰਟੀਨ ਜਾਂ ਆਈਸੋਲੇਸ਼ਨ ਲੋੜਾਂ

ਲੋੜਾਂ ਅਕਸਰ ਬਦਲਦੀਆਂ ਰਹਿੰਦੀਆਂ ਹਨ। ਯਾਤਰਾ ਕਰਨ ਤੋਂ ਪਹਿਲਾਂ ਜਾਂਚ ਕਰੋ। ਸਭ ਤੋਂ ਨਵੀਨਤਮ ਜਾਣਕਾਰੀ ਲਈ ਕੈਨੇਡਾ ਸਰਕਾਰ: ਕੋਵਿਡ-19: ਯਾਤਰਾ, ਟੈਸਟਿੰਗ ਅਤੇ ਬਾਰਡਰ 'ਤੇ ਜਾਓ।

ਯਾਤਰਾ ਤੋਂ ਬਾਅਦ ਕੈਨੇਡਾ ਪਰਤਣ ਬਾਰੇ ਹੋਰ ਜਾਣਕਾਰੀ ਲਈ, ਦੇਖੋ:

- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਯਾਤਰਾ
- ਬ੍ਰਿਟਿਸ਼ ਕੋਲੰਬੀਆ ਸਰਕਾਰ: ਯਾਤਰਾ ਅਤੇ ਕੋਵਿਡ-19
- ਕੈਨੇਡਾ ਸਰਕਾਰ: ਕੋਵਿਡ-19: ਯਾਤਰਾ, ਕੁਆਰੰਟੀਨ ਅਤੇ ਬਾਰਡਰ

ਕੋਵਿਡ-19 ਅਤੇ ਆਪਣੀ, ਆਪਣੇ ਪਰਿਵਾਰ ਅਤੇ ਆਪਣੇ ਭਾਈਚਾਰੇ ਦੀ ਰੱਖਿਆ ਕਿਵੇਂ ਕਰਨੀ ਹੈ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ, ਕੋਰੋਨਾਵਾਇਰਸ ਬਿਮਾਰੀ (ਕੋਵਿਡ-19)ਦੇਖੋ।

**ਆਖਰੀ ਵਾਰੀ ਅੱਪਡੇਟ ਕੀਤਾ ਗਿਆ:** 27 ਸਤੰਬਰ, 2022

ਯਾਤਰਾ ਅਤੇ ਕੋਵਿਡ-19 ਹੈਲਥ ਫ਼ੀਚਰ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਯਾਤਰਾ, ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਜਨਤਕ ਐਕਸਪੋਜ਼ਰ, ਬ੍ਰਿਟਿਸ਼ ਕੋਲੰਬੀਆ ਸਰਕਾਰ: ਯਾਤਰਾ ਅਤੇ ਕੋਵਿਡ-19 ਅਤੇ ਕੈਨੇਡਾ ਸਰਕਾਰ: ਕੋਵਿਡ-19: ਯਾਤਰਾ, ਕੁਆਰੰਟੀਨ ਅਤੇ ਬਾਰਡਰ ਤੋਂ ਅਨੁਕੂਲਿਤ ਕੀਤਾ ਗਿਆ ਸੀ।

ਹੋਰ ਹੈਲਥਲਿੰਕਬੀਸੀ ਫਾਈਲ ਵਿਸ਼ਿਆਂ ਵਾਸਤੇ www.HealthLinkBC.ca/more/resources/healthlink-bc-files ਤੇ ਜਾਂ ਆਪਣੇ ਸਥਾਨਕ ਸਿਹਤ ਯੂਨਿਟ ਕੋਲ ਜਾਓ। ਬੀ.ਸੀ. ਵਿੱਚ ਗੈਰ-ਐਮਰਜੈਂਸੀ ਸਿਹਤ ਜਾਣਕਾਰੀ ਅਤੇ ਸਲਾਹ ਦੇ ਲਈ www.HealthLinkBC.ca ਤੇ ਜਾਓ ਜਾਂ **8-1-1** (ਟੋਲ-ਫ੍ਰੀ) ਤੇ ਫੋਨ ਕਰੋ। ਬੋਲੇ ਅਤੇ ਉੱਚਾ ਸੁਣਨ ਵਾਲਿਆਂ ਲਈ, **7-1-1** ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।